## ਸੰਪਾਦਕੀ

# ਗਣਤੰਤਰ ਦਾ ਅਸਲ ਸੰਦੇਸ਼

ਭਾਰਤ ਵੱਲੋਂ 60ਵਾਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਦੇਸ਼ ਦੇ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵੱਲੋਂ ਰਾਸ਼ਟਰ ਦੇ ਨਾਮ ਸੰਦੇਸ਼ ਜਾਰੀ ਕੀਤਾ ਗਿਆ। ਇਸ ਸੰਦੇਸ਼ ਵਿੱਚ ਸਰਕਾਰ ਦੀਆਂ ਤਰਜ਼ੀਹਾਂ ਦਾ ਜ਼ਿਕਰ ਹੈ। ਰਾਸ਼ਟਰਪਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਦੇਸ਼ ਦੀ ਸੁਰੱਖਿਆ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵੀ ਜਿਕਰ ਛੇੜਿਆ ਹੈ। ਅਸਲ ਵਿੱਚ ਅਜਿਹੇ ਮੌਕਿਆ 'ਤੇ ਜਾਰੀ ਕੀਤੇ ਜਾਣ ਵਾਲੇ ਸੰਦੇਸ਼ ਅਤੇ ਬਿਆਨ ਇੱਕ ਰਸਮ ਜਿਹੀ ਬਣ ਗਏ ਹਨ। ਸਰਕਾਰ ਇਨ੍ਹਾਂ ਸੰਦੇਸ਼ਾਂ ਵਿੱਚ ਵੱਡੇ-ਵੱਡੇ ਦਾਅਵੇ ਕਰਦੀ ਹੈ ਪ੍ਰੰਤੂ ਇਨ੍ਹਾਂ ਦਾਅਵਿਆਂ ਉੱਪਰ ਕਦੇ ਵੀ ਅਮਲ ਨਹੀਂ ਹੋਇਆ। ਹਰ ਵਾਰ ਇਹ ਭਰੋਸਾ ਦਿੱਤਾ ਜਾਂਦਾ ਹੈ ਕਿ ਦੇਸ਼ ਵਿੱਚੋਂ ਗਰੀਬੀ, ਭੁੱਖਮਰੀ ਅਤੇ ਬੇਰੋਜ਼ਗਾਰੀ ਨੂੰ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ ਜਾਣਗੇ। ਇਸੇ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਹੋਰ ਸਮੱਸਿਆਵਾਂ ਦੇ ਨਿਪਟਾਰੇ ਸਬੰਧੀ ਵੀ ਭਰੋਸੇ ਦਿੱਤੇ ਜਾਂਦੇ ਹਨ। ਇਹ ਭਰੋਸੇ ਅਸਲ ਵਿੱਚ ਕਾਗ਼ਜਾਂ ਵਿੱਚ ਹੀ ਰਹਿ ਜਾਂਦੇ ਹਨ। ਲੋਕਾਂ ਦੀਆਂ ਮੁਸ਼ਕਲਾਂ ਵਿੱਚ ਕੋਈ ਕਮੀ ਨਹੀਂ ਆਉਂਦੀ। ਦੇਸ਼ ਦਾ ਸ਼ਾਸ਼ਨ ਉਸੇ ਤੌਰ ਵਿੱਚ ਚਲਦਾ ਰਹਿੰਦਾ ਹੈ। ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਬਦਲਦੇ ਰਹਿੰਦੇ ਹਨ ਪ੍ਰੰਤੂ ਸੰਦੇਸ਼ ਨਹੀਂ ਬਦਲਦੇ। ਇਸੇ ਤਰ੍ਹਾਂ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਆਜ਼ਾਦੀ ਅਤੇ ਗਣਤੰਤਰ ਦਿਹਾੜੇ ਨੂੰ ਮਨਾਉਣ ਦਾ ਅੰਦਾਜ਼ ਨਹੀਂ ਬਦਲ ਰਿਹਾ। ਵੱਡਾ ਸਵਾਲ ਤਾਂ ਇਹ ਹੈ ਕਿ ਕੀ ਦੇਸ਼ ਨੂੰ ਗਣਤੰਤਰ ਦਿਵਸ ਸਿਰਫ਼ ਫੌਜ਼ੀ ਅਸਲੇ ਅਤੇ ਹਥਿਆਰਾਂ ਦਾ ਦਿਖਾਵਾ ਕਰਕੇ ਹੀ ਮਨਾਉਣਾ ਚਾਹੀਦਾ ਹੈ। 26 ਜਨਵਰੀ 'ਤੇ ਕਰਵਾਈ ਜਾਂਦੀ ਕੌਮੀ ਪਰੇਡ ਵਿੱਚ ਟੈਂਕਾਂ ਅਤੇ ਮਿਜ਼ਾਇਲਾਂ ਦਾ ਪ੍ਰਦਰਸ਼ਨ ਕਰਕੇ ਆਖ਼ਰ ਅਸੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹਾਂ? ਕੀ ਅਸੀਂ ਅਜਿਹਾ ਕਰਕੇ ਆਪਣੀ ਜਨਤਾ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਆਪਣੀਆਂ ਦੁਸ਼ਵਾਰੀਆਂ ਦਾ ਰੋਣਾ ਨਾ ਰੋਵੇ, ਨਹੀਂ ਤਾਂ ਸਾਡੇ ਕੋਲ ਟੈਂਕ ਅਤੇ ਮਿਜ਼ਾਇਲਾਂ ਤਿਆਰ ਹਨ। ਕੌਮੀ ਪਰੇਡ ਵਿੱਚ ਦੇਸ਼ ਦੀਆਂ ਪ੍ਰਾਪਤੀਆਂ ਅਤੇ ਕਮੀਆਂ ਦਾ ਜ਼ਿਕਰ ਹੋਵੇ ਤਾਂ ਜ਼ਿਆਦਾ ਚੰਗਾ ਹੈ। ਇਸ ਮੌਕੇ 'ਤੇ ਬੇਸ਼ੱਕ ਕੇਂਦਰ ਸਰਕਾਰ ਦੇ ਚੌਣਵੇਂ ਵਿਭਾਗਾਂ ਅਤੇ ਰਾਜ ਸਰਕਾਰਾਂ ਵੱਲੋਂ ਕੁਝ ਝਲਕੀਆਂ ਵੀ ਦਿਖਾਈਆਂ ਜਾਂਦੀਆਂ ਹਨ ਪਰ ਇਹ ਝਲਕੀਆਂ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਪ੍ਰਚਾਰ ਵਾਂਗ ਹੀ ਹੁੰਦੀਆਂ ਹਨ। ਇਹ ਨਹੀਂ ਲੱਗਦਾ ਕਿ ਇਨ੍ਹਾਂ ਝਲਕੀਆਂ ਦਾ ਆਮ ਲੋਕਾਂ ਉੱਪਰ ਕੋਈ ਪ੍ਰਭਾਵ ਪੈਂਦਾ ਹੋਵੇਗਾ। ਦੁਨੀਆਂ ਬਦਲ ਗਈ ਹੈ ਪਰ 60 ਸਾਲਾਂ ਤੋਂ ਇਨ੍ਹਾਂ ਝਲਕੀਆਂ ਦਾ ਸਰੂਪ ਨਹੀਂ ਬਦਲਿਆ। ਚੰਗਾ ਹੋਵੇ ਜੇਕਰ ਇਸ ਮੌਕੇ 'ਤੇ ਮੰਤਰੀਆਂ, ਵਿਭਾਗਾਂ ਅਤੇ ਸਰਕਾਰੀ ਅਫ਼ਸਰਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਲੋਕਾਂ ਸਾਹਮਣੇ ਰੱਖਿਆ ਜਾਵੇ। ਇਸ ਮੌਕੇ 'ਤੇ ਇਹ ਵੀ ਪ੍ਰਦਰਸ਼ਨ ਹੋਣਾ ਚਾਹੀਦਾ ਹੈ ਕਿ ਪਿਛਲੇ ਸਮੇਂ ਵਿੱਚ ਸਰਕਾਰ ਦੇ ਕੰਮ ਕਾਰ ਵਿੱਚ ਕਿਹੜੀਆਂ ਕਮੀਆਂ ਰਹੀਆਂ ਅਤੇ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਸਰਕਾਰ ਅੱਗੇ ਕੀ ਕਰੇਗੀ। ਇਸ ਨਾਲ ਲੋਕਾਂ ਨੂੰ ਦੇਸ਼ ਦੀ ਅਸਲ ਤਸਵੀਰ ਸਮਝਣ ਦਾ ਮੌਕਾ ਮਿਲੇਗਾ। ਨਵੇਂ ਹਲਾਤਾਂ ਵਿੱਚ ਇਹ ਜ਼ਰੂਰੀ ਬਣ ਗਿਆ ਹੈ ਕਿ ਕੌਮੀ ਦਿਹਾੜੇ ਰਵਾਇਤ ਨਾਲੋਂ ਹੱਟ ਕੇ ਮਨਾਏ ਜਾਣ। ਇਨ੍ਹਾਂ ਦਿਹਾੜਿਆਂ ਨੂੰ ਸਿਰਫ਼ ਸਰਕਾਰ, ਹੁਕਮਰਾਨ ਪਾਰਟੀ ਜਾਂ ਮੰਤਰੀਆਂ ਦੀ ਚਾਪਲੂਸੀ ਲਈ ਵਰਤਣਾ ਹੁਣ ਬੰਦ ਹੋਣਾ ਚਾਹੀਦਾ ਹੈ। ਹੁਣ ਸਮਾਂ ਹੈ ਕਿ ਸਰਕਾਰ, ਮੰਤਰੀ ਅਤੇ ਅਫ਼ਸਰ ਇਸ ਮੌਕੇ 'ਤੇ ਲੋਕਾਂ ਨੂੰ ਜਵਾਬ ਦੇਣ। ਸਾਲ ਵਿੱਚ ਕੁਝ ਦਿਨ ਤਾਂ ਜਨਤਾ ਨੂੰ ਮਿਲਣੇ ਚਾਹੀਦੇ ਹਨ, ਜਦੋਂ ਉਹ ਆਪਣੇ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰ ਸਕੇ। ਇਸ ਨਾਲ ਹੀ ਦੇਸ਼ ਨੂੰ ਅੱਗੇ ਲਿਜਾਣ ਅਤੇ ਬਦਲਣ ਦਾ ਮੌਕਾ-ਮੇਲ ਬਣ ਸਕਦਾ ਹੈ। ਸਰਕਾਰ ਨੂੰ 26 ਜਨਵਰੀ ਅਤੇ 15 ਅਗਸਤ ਦੇ ਦਿਹਾੜੇ ਦਾ ਮੌਜੂਦਾ ਸਰੂਪ ਬਦਲਣ ਲਈ ਸੋਚਣਾ ਹੋਵੇਗਾ।

**ਬਲਜੀਤ ਸਿੰਘ ਬਰਾੜ**

# ਗੜਕਰੀ ਦੀ ਬੰਗਲਾ ਸਾਹਿਬ ਫੇਰੀ : ਮੱਚੀ ਅਕਾਲੀ-ਭਾਜਪਾਈਆਂ 'ਚ ਤਰਥੱਲੀ



ਦਿੱਲੀ ਦੇ ਝਰੋਖੇ ਚੋਂ
ਡਾ. ਦਰਸ਼ਨ ਸਿੰਘ ਹਰਵਿੰਦਰ
ਮੋਬਾਇਲ: 9810073999

ਹਿੰਦੋਸਤਾਨ ਦੀ ਵਾਗਡੋਰ ਸੰਭਾਲਣ ਦਾ ਸੁਪਨਾ ਸਾਕਾਰ ਕਰਨ ਲਈ ਤਰਲੋ ਮੱਛੀ ਹੋ ਰਹੀ ਭਾਰਤੀ ਜਨਤਾ ਪਾਰਟੀ ਦਾ 'ਕਮਾਂਡਰ' ਬਦਲ ਦੇਣ ਦੇ ਬਾਵਜੂਦ ਭਾਜਪਾ ਦੇ ਅੰਦਰੂਨੀ ਸੰਕਟ ਦਾ ਪਰਛਾਵਾਂ ਅਜੇ ਵੀ ਜਿਉਂ ਦਾ ਤਿਉਂ ਬਰਕਰਾਰ ਹੈ। ਹਾਲਾਂਕਿ ਭਾਜਪਾ ਦੀ ਕਮਾਨ ਸੰਭਾਲਦਿਆਂ ਹੀ ਇਸਦੇ ਕੌਮੀ ਪ੍ਰਧਾਨ ਨਿਤਿਨ ਗੜਕਰੀ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਹ ਤਿੰਨ ਮਹੀਨਿਆਂ 'ਚ 'ਕਮਲ' ਵਿਚ ਜਾਨ ਫੂਕ ਦੇਣਗੇ, ਪਰ ਉਨ੍ਹਾਂ ਦੇ ਕਾਰਜਕਾਲ ਦਾ ਤਕਰੀਬਨ ਮਹੀਨਾ ਬੀਤ ਜਾਣ 'ਤੇ ਵੀ 'ਪਰਨਾਲਾ ਉਥੇ ਦਾ ਉਥੇ ਹੀ ਹੈ'।

ਸ਼ਾਇਦ ਇਹੋ ਵਜ੍ਹਾ ਹੈ ਕਿ ਦਿੱਲੀ ਵਿਚ ਭਾਜਪਾ ਨੂੰ ਮਜ਼ਬੂਤ ਕਰਨ ਦਾ ਇਕ ਵਿਸ਼ੇਸ਼ ਏਜੰਡਾ ਤਿਆਰ ਕਰਨ ਦਾ ਦਾਅਵਾ ਕਰਨ ਵਾਲੇ ਗੜਕਰੀ ਦੀ ਇਥੋਂ ਦੇ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਦੀ ਫੇਰੀ ਸਮੇਂ ਨਾ ਕੇਵਲ ਭਾਜਪਾਈ ਸਿੱਖ ਨੇਤਾਵਾਂ ਵਿਚ ਹੀ ਮਤਭੇਦ ਸਾਹਮਣੇ ਆਏ, ਸਗੋਂ ਪਾਰਟੀ ਨਾਲ 'ਚੋਲੀ-ਦਾਮਨ' ਦਾ ਸਾਥ ਨਿਭਾ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨੇਤਾ ਵੀ ਮਾਯੂਸ ਹੋਏ ਤਿਲਮਿਲਾ ਕੇ ਰਹਿ ਗਏ। ਇਨ੍ਹਾਂ ਅਕਾਲੀਆਂ ਦੀ ਫਜੀਹਤ ਸੀ ਵੀ ਕੁਦਰਤੀ, ਕਿਉਂਕਿ ਗੜਕਰੀ ਨੇ ਇਨ੍ਹਾਂ ਨੂੰ ਆਪਣੇ ਨਾਲ ਲਿਜਾਣਾ ਤਾਂ ਇਕ ਪਾਸੇ, ਇਤਲਾਹ ਦੇਣੀ ਵੀ ਵਾਜਿਬ ਨਹੀਂ ਸਮਝੀ, ਜਦ ਕਿ ਇਨ੍ਹਾਂ ਦੇ 'ਸ਼ਰੀਕਾਂ' ਯਾਨੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਨੇਤਾਵਾਂ ਤੋਂ ਗੜਕਰੀ ਆਪਣੇ ਗਲ ਵਿਚ ਦੁਸ਼ਾਲੇ, ਸਿਰੋਪੇ ਵੀ ਪੁਆ ਆਏ।

ਵੈਸੇ ਗੜਕਰੀ ਦੀ ਇਸ ਗੁਰਦੁਆਰੇ ਨਤਮਸਤਕ ਹੋ ਜਾਣ ਲਈ ਕੋਈ ਅਚਨਚੇਤ ਸਬੱਬੀ ਫੇਰੀ ਵੀ ਨਹੀਂ ਸੀ, ਵਰਨਾ ਕਮੇਟੀ ਦੇ ਵਰਤਮਾਨ ਹਾਕਮਾਂ ਨੂੰ ਉਥੇ ਪਹੁੰਚ ਕੇ ਗੜਕਰੀ ਦੇ ਸਨਮਾਨ ਲਈ ਬਕਾਇਦਾ 'ਦੀਵਾਨ' ਲਾਉਣ ਦਾ ਮੌਕਾ ਕਿਵੇਂ ਮਿਲਦਾ ? ਚੂੰਕਿ ਗੜਕਰੀ ਦਾ ਇਹ ਸਨਮਾਨ ਕਾਂਗਰਸ ਪੱਖੀ ਅਕਾਲੀ ਨੇਤਾਵਾਂ ਵੱਲੋਂ ਕੀਤਾ ਗਿਆ ਤੇ ਉਹ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨੇਤਾਵਾਂ ਦੀ ਮੁਕੰਮਲ ਗੈਰਹਾਜ਼ਰੀ 'ਚ, ਇਸ ਲਈ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਭਾਜਪਾਈਆਂ ਵੱਲੋਂ ਕੀਤੀ ਇਸ 'ਮਸ਼ਕਰੀ' ਦੇ ਮੁੱਦੇ ਦਾ ਗੰਭੀਰ ਨੋਟਿਸ ਲੈਂਦਿਆਂ ਭਾਈਵਾਲ ਪਾਰਟੀ ਦੇ ਆਪਣੇ ਹਮਰੁਤਬਾ ਕੋਲ ਇਸ ਬਾਰੇ ਸਖਤ ਰੋਸ ਪ੍ਰਗਟਾਏ ਜਾਣ ਦੀ ਚਰਚਾ ਹੈ।

ਚਰਚਾ ਤਾਂ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ 'ਲਵ ਐਂਡ ਹੇਟ' ਨਾਤਾ ਰੱਖਣ ਵਾਲੇ ਸੀਨੀਅਰ ਨੇਤਾ ਮਦਨ ਲਾਲ ਖੁਰਾਣਾ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ 'ਸ਼ਰੀਕਾਂ' ਦੇ ਘਰ ਚੰਗਿਆੜੀ ਸੁੱਟਣ ਲਈ ਇਸ 'ਸ਼ੁਭ ਕਾਰਜ' ਲਈ ਬਕਾਇਦਾ ਮਿਲ ਕੇ ਵਧਾਈ ਦਿੱਤੀ ਗਈ। ਆਖਿਰ ਨਿਤਿਨ ਗੜਕਰੀ ਨੇ ਉਸ ਕਾਂਗਰਸ ਪੱਖੀ ਅਕਾਲੀ ਦਲ ਦੇ ਨੇਤਾਵਾਂ ਤੋਂ ਸਨਮਾਨ ਲਿਆ ਜਿਸ ਦੇ ਆਕਾ ਆਏ ਦਿਨ ਭਾਜਪਾ 'ਤੇ ਸਿੱਖ ਵਿਰੋਧੀ ਹੋਣ ਦਾ ਇਲਜ਼ਾਮ ਲਾਉਣ ਤੋਂ ਨਹੀਂ ਚੁਕਦੇ।

ਸੁਣਨ ਵਿਚ ਆਇਆ ਹੈ ਕਿ ਗੜਕਰੀ ਦੇ ਇਰਦ ਗਿਰਦ ਮੰਡਰਾਉਣ ਵਾਲਿਆਂ ਨੇ ਉਨ੍ਹਾਂ ਦੇ ਕੰਨ ਭਰ ਦਿੱਤੇ ਕਿ ਇਸ ਵੇਲੇ ਪ੍ਰਧਾਨ ਸਮੇਤ ਬਾਕੀ ਅਹੁਦੇਦਾਰਾਂ ਦੀ ਅਣਹੋਂਦ ਕਾਰਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਪ੍ਰਦੇਸ਼ ਯਤੀਮ ਹੋ ਕੇ ਰਹਿ ਗਿਆ ਹੈ ਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਇਹ ਆਪਣੇ ਤਿੰਨ ਸਾਬਕਾ ਪ੍ਰਦੇਸ਼ਕ ਪ੍ਰਧਾਨਾਂ ਉਂਕਾਰ ਸਿੰਘ ਥਾਪਰ, ਅਵਤਾਰ ਸਿੰਘ ਹਿੱਤ ਤੇ ਮਨਜੀਤ ਸਿੰਘ ਜੀ.ਕੇ. 'ਤੇ ਅਧਾਰਿਤ ਤਿੰਨ ਮੈਂਬਰੀ ਹਾਈ ਪਾਵਰ ਕਮੇਟੀ ਦੇ ਹਵਾਲੇ ਹੈ। ਪ੍ਰਦੇਸ਼ਕ ਦਲ ਦੀ ਅਪਾਹਜ ਹੋਂਦ ਤੇ ਸੱਖਣੇ ਦਬਦਬੇ ਦੀ ਬਦੌਲਤ ਇਹਦਾ ਕੋਈ ਜ਼ਿੰਮੇਵਾਰ ਪ੍ਰਭਾਵਸ਼ਾਲੀ ਸਾਈਂ ਖਸਮ ਨਾ ਹੋਣ ਕਰਕੇ ਹੀ ਦਲ ਦੇ ਨੇਤਾ ਗੜਕਰੀ ਦੇ ਸਨਮਾਨ ਸਮੇਂ ਅਣਡਿੱਠ ਹੋ ਕੇ ਰਹਿ ਗਏ ਵਰਨਾ ਮਨਜੀਤ ਸਿੰਘ ਹੀ ਬਤੌਰ ਪ੍ਰਧਾਨ ਇਸ ਅਪਮਾਨ ਦਾ ਮੁੱਲ ਪਾਉਂਦੇ।

ਇਥੇ ਹੀ ਬਸ ਨਹੀਂ, ਭਾਜਪਾ ਦੇ ਸੂਬਾਈ ਪ੍ਰਧਾਨ ਓਮ ਪ੍ਰਕਾਸ਼ ਕੋਹਲੀ ਤੇ ਪ੍ਰਦੇਸ਼ਕ ਜਨਰਲ ਸਕੱਤਰ ਆਰ ਪੀ ਸਿੰਘ ਵੱਲੋਂ ਆਯੋਜਿਤ ਨਿਤਿਨ ਗੜਕਰੀ ਦੇ ਬੰਗਲਾ ਸਾਹਿਬ ਵਿਖੇ 'ਨਤਮਸਤਕ' ਹੋਣ ਦਾ ਅਸਰ ਅਕਾਲੀਆਂ 'ਤੇ ਹੀ ਨਹੀਂ ਪਿਆ, ਸੀਨੀਅਰ ਭਾਜਪਾਈ ਨੇਤਾਵਾਂ 'ਚ ਵੀ ਇਹਨੇ ਨਾਰਾਜ਼ਗੀ ਪੈਦਾ ਕਰ ਦਿੱਤੀ। ਲਗਾਤਾਰ ਪਿਛਲੇ ਤੀਹ ਸਾਲਾਂ ਤੋਂ ਭਾਜਪਾ ਟਿਕਟ 'ਤੇ ਜਿੱਤਦੇ ਆ ਰਹੇ ਵਿਧਾਇਕ ਤੇ ਸਾਬਕਾ ਮੰਤਰੀ ਹਰਸ਼ਰਣ ਸਿੰਘ ਬੱਲੀ ਨੂੰ ਤਾਂ ਗੜਕਰੀ ਦੇ ਰੂਬਰੂ ਹੁੰਦਿਆਂ ਇਥੋਂ ਤਕ ਕਹਿਣਾ ਪੈ ਗਿਆ ਕਿ ਇਸ ਪ੍ਰੋਗਰਾਮ ਲਈ ਉਨ੍ਹਾਂ ਦੀ ਅਣਦੇਖੀ ਕਿਉਂ ਕੀਤੀ ਗਈ ?

ਦਰਅਸਲ ਭਾਜਪਾ ਵੱਲੋਂ ਬਣਾਏ ਦਿੱਲੀ ਵਿਚਲੇ 'ਸਿੱਖ ਸੈੱਲ' ਨੂੰ ਅਕਸਰ ਤਕਲੀਫ ਹੁੰਦੀ ਹੈ ਕਿ ਪਾਰਟੀ ਆਪਣੇ ਭਾਈਵਾਲ ਅਕਾਲੀਆਂ ਨੂੰ ਤਾਂ ਪੁੱਛਦੀ ਹੈ, ਪਰ ਸਾਨੂੰ ਕੋਈ ਪੁੱਛਦਾ ਹੀ ਨਹੀਂ। ਭਾਜਪਾ ਦਾ ਇਹ ਸਿੱਖ ਸੈੱਲ ਜਿਸ ਨਾਲ ਕਦੀ ਆਰ. ਪੀ. ਸਿੰਘ ਦਾ ਵੀ ਵਾਸਤਾ ਰਿਹਾ ਹੈ, ਦੇ ਪੱਲੇ ਕਦੇ ਵੀ ਕੱਖ ਨਹੀਂ ਰਿਹਾ, ਸਗੋਂ ਹਰ ਚੋਣ ਸਮੇਂ ਟਿਕਟਾਂ ਦੇ ਬਟਵਾਰੇ ਵੇਲੇ ਵੀ ਅਕਾਲੀਆਂ ਨਾਲ ਗੱਠਜੋੜ ਹੋਣ ਕਾਰਨ ਇਹਦੀ ਕੋਈ ਬਾਤ ਨਹੀਂ ਪੁੱਛਦਾ। ਇਹ ਵੀ ਇਕ ਕਾਰਨ ਹੈ ਮੌਕਾ ਮਿਲਣ 'ਤੇ ਅਕਾਲੀ ਦਲ ਬਾਦਲ ਤੇ ਪਾਰਟੀ ਅੰਦਰਲੇ ਹੀ ਕੁਝ ਨੇਤਾਵਾਂ ਨਾਲ ਸਿੱਝਣ ਦਾ।

ਮਜ਼ੇਦਾਰ ਇਹ ਹੈ ਕਿ ਅਜਿਹੇ ਦ੍ਰਿਸ਼ ਤਦ ਵੇਖਣ ਨੂੰ ਮਿਲ ਰਹੇ ਹਨ ਜਦ ਗੜਕਰੀ ਵੱਲੋਂ ਦਿੱਲੀ ਵਿਚ ਭਾਜਪਾ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਏਜੰਡਾ ਤਿਆਰ ਕੀਤਾ ਜਾ ਰਿਹਾ ਹੈ। ਭਾਜਪਾ ਤੇ ਕਾਂਗਰਸ ਦਰਮਿਆਨ ਵੋਟ ਬੈਂਕ ਵਿਚਲੇ ਮਹਿਜ਼ 10 ਪ੍ਰਤੀਸ਼ਤ ਪਾੜੇ ਨੂੰ ਘੱਟ ਕਰਨ ਲਈ ਭਾਜਪਾ ਅੰਦਰ ਨਵੀਂ ਰੂਹ ਫੂਕਣ ਦੀ ਤਿਆਰੀ ਚੱਲ ਰਹੀ ਹੈ ਅਤੇ ਅਗਲੇ 10 - 15 ਸਾਲਾਂ ਵਿਚ ਦਿੱਲੀ ਦਾ ਸਵਰੂਪ ਕਿਹੋ ਜਿਹਾ ਹੋਵੇ ਇਹਦੇ ਲਈ ਇਕ ਵੀਜ਼ਨ ਤਿਆਰ ਕਰਨ ਲਈ ਕਿਹਾ ਗਿਆ ਹੈ ਇਸਦੇ ਤਹਿਤ ਗੜਕਰੀ ਵੱਲੋਂ ਨੇਤਾਵਾਂ 'ਤੇ ਬਣਾਇਆ ਜਾਣ ਵਾਲਾ ਡੋਜੀਅਰ ਪਾਰਟੀ ਅੰਦਰ ਪਾਰਦਰਸ਼ਤਾ ਲਿਆਉਣ ਤੇ ਜਵਾਬਦੇਹੀ ਤੈਅ ਕਰਨ ਦਾ ਕੰਮ ਕਰੇਗਾ।

ਖ਼ੈਰ ! ਕਾਰਨ ਕੋਈ ਵੀ ਰਹੇ ਹੋਣ, ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗੜਕਰੀ ਦਾ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸ਼ੰਟੀ ਰਾਹੀਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਨਮਾਨ ਕਰਾ ਕੇ ਪਰਮਜੀਤ ਸਿੰਘ ਸਰਨਾ ਇਹ ਅਹਿਸਾਸ ਕਰਾਉਣ ਵਿਚ ਜ਼ਰੂਰ ਕਾਮਯਾਬ ਰਹੇ ਹਨ ਕਿ ਗੁਰੂ ਘਰ 'ਚ ਸਭ ਲਈ ਬਰਾਬਰ ਸਥਾਨ ਹੈ ਅਤੇ ਉਨ੍ਹਾਂ ਦੀ ਵਿਚਾਰਧਾਰਕ ਮੁਤਫਿਕਤਾ ਤਾਂ ਹੋ ਸਕਦੀ ਹੈ, ਪਰ ਵਿਅਕਤੀਗਤ ਨਹੀਂ।

**ਦਾਰੂ ਪੀਣੀ ਸ਼ੌਕ ਦਿਲਦਾਰਾਂ ਦਾ :**

ਦਾਰੂ (ਸ਼ਰਾਬ) ਪੀਣੀ ਦਿਲਦਾਰਾਂ ਦਾ ਸ਼ੌਕ ਹੋਣ ਕਾਰਨ ਪੀਣ ਵਾਲਿਆਂ ਨੂੰ ਤਾਂ ਪੀਣ ਦਾ ਬਹਾਨਾ ਚਾਹੀਦਾ ਹੈ ਜਿਨ੍ਹਾਂ ਦੇ ਰਾਹ 'ਚ ਸਾਡੇ ਮੁਲਕ ਦੇ ਹਾਕਮਾਂ ਵੱਲੋਂ ਐਲਾਨੇ ਗਏ 'ਡਰਾਈ-ਡੇ' ਕੀ ਰੋੜਾ ਬਣਨਗੇ। ...ਤੇ ਫਿਰ ਜਦੋਂ ਗਣਤੰਤਰ ਦਿਵਸ ਮੌਕੇ ਜਸ਼ਨ ਮਨਾਏ ਜਾ ਰਹੇ ਹੋਣ ਤਾਂ ਖੁਸ਼ੀ ਦਾ ਮੌਕਾ ਦਾਰੂ ਬਿਨਾ ਕਿਵੇਂ ਖੁੰਝਾਇਆ ਜਾ ਸਕਦਾ ਹੈ। ਇਹੋ ਕਾਰਨ ਸੀ ਕਿ 26 ਜਨਵਰੀ ਨੂੰ ਡਰਾਈ-ਡੇ ਹੋਣ ਕਾਰਨ ਇਕ ਦਿਨ ਪਹਿਲਾਂ ਹੀ ਦਿੱਲੀ ਵਾਲਿਆਂ ਪੁਖਤਾ ਇੰਤਜ਼ਾਮ ਲਈ ਸਵਾ ਸੋਲਾਂ ਕਰੋੜ ਦੀ ਸ਼ਰਾਬ ਸਟਾਕ ਕਰ ਲਈ ਜੋ ਪਿਛਲੇ ਵਰ੍ਹੇ ਦੀ 25 ਜਨਵਰੀ ਮੌਕੇ ਖਰੀਦੀ ਗਈ ਸ਼ਰਾਬ ਤੋਂ ਚਾਰ ਕਰੋੜ ਰੁਪਏ ਜ਼ਿਆਦਾ ਰਹੀ।

# ਕੀ ਅਕਾਲੀਆਂ ਤੇ ਭਾਜਪਾ 'ਚ ਨਹੁੰ-ਮਾਸ ਦਾ ਰਿਸ਼ਤਾ ਹੈ ?

ਫਰੈਡੀ ਜੋਜ਼ਫ

ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਗਡਕਰੀ ਦੇ ਪੰਜਾਬ ਦੌਰੇ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਗੱਲ ਮੁੜ ਬਹੁਤ ਉੱਗਰ ਅਤੇ ਮੁਖਰ ਰੂਪ ਵਿੱਚ ਦੁਹਰਾਈ ਹੈ ਕਿ ਅਕਾਲੀ ਦਲ ਅਤੇ ਭਾਜਪਾ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਉਨ੍ਹਾਂ ਨੇ ਇੱਕ ਵਾਰੀ ਫਿਰ ਇਸ ਰਿਸ਼ਤੇ ਨੂੰ ਹਿੰਦੂ ਸਿੱਖ ਏਕਤਾ ਦਾ ਨਾਮ ਦਿੱਤਾ ਹੈ।

ਯਾਦ ਰਹੇ ਕਿ ਪਹਿਲੀ ਵਾਰੀ ਅਕਾਲੀ ਦਲ ਅਤੇ ਜਨਸੰਘ ਦੀ ਜੋ ਸਰਕਾਰ ਬਣੀ ਸੀ ਉਸਦਾ ਆਧਾਰ ਨਾ ਤਾਂ ਅਕਾਲੀ ਦਲ ਅਤੇ ਜਨਸੰਘ ਵਿੱਚ ਨਹੁੰ-ਮਾਸ ਦਾ ਰਿਸ਼ਤਾ ਸੀ ਅਤੇ ਨਾ ਹੀ ਹਿੰਦੂ ਸਿੱਖ ਏਕਤਾ ਸੀ ਬਲਕਿ ਪੰਜਾਬੀ ਸੂਬੇ ਦੇ ਮੁੱਦੇ ਦਾ ਕਤਲ ਕਰਕੇ ਸਤਾ ਸੁੱਖ ਭੋਗਣ ਲਈ ਇੰਨ੍ਹਾਂ ਦੋ ਆਪਸੀ ਵਿਰੋਧੀ ਪਾਰਟੀਆਂ ਦਾ ਬੇ-ਅਸੂਲਾ ਅਤੇ ਨਾਪਾਕ ਗੱਠਜੋੜ ਸੀ। ਪਰ ਇਹ ਗੱਠਜੋੜ ਇਹਨਾਂ ਦੋਹਾਂ ਪਾਰਟੀਆਂ ਵਿੱਚ ਇੱਕ ਪੱਕਾ ਰਿਸ਼ਤਾ ਬਣ ਗਿਆ ਹੈ। ਇਹ ਫਿਰਕੂ ਪਾਰਟੀਆਂ ਹੋਣ ਕਾਰਨ ਕੋਈ ਵੀ ਹੋਰ ਪਾਰਟੀ ਇਸ ਨਾਲ ਗਠਜੋੜ ਨਹੀਂ ਕਰਦੀਆਂ ਅਤੇ ਇਹ ਸਿਆਸੀ ਅਛੂਤ ਗਠਜੋੜ ਚਲਿਆ ਆ ਰਿਹਾ ਹੈ। ਅਕਾਲੀ ਦਲ ਨੇ ਉਸ ਸਮੇਂ ਚੋਣਾਂ ਵਿੱਚ ਪੰਜਾਬੀ ਸੂਬੇ ਅਤੇ ਜਨਸੰਘ ਨੇ ਮਹਾਂ ਪੰਜਾਬ ਦੀ ਕਾਇਮੀ ਦਾ ਨਾਅਰਾ ਦੇ ਕੇ ਜਿੱਤ ਹਾਸਿਲ ਕੀਤੀ। ਇਹਨਾਂ ਦੋਹਾਂ ਨਾਅਰਿਆਂ ਨਾਲ ਪੰਜਾਬ ਦੇ ਸਿੱਖਾਂ ਅਤੇ ਹਿੰਦੂਆਂ ਵਿੱਚ ਬਹੁਤ ਤਣਾਅ ਪੈਦਾ ਹੋ ਗਿਆ ਸੀ। ਇਹ ਤਣਾਅ ਇਹਨਾਂ ਹੀ ਪਾਰਟੀਆਂ ਦੀ ਦੇਣ ਸੀ। ਜੋ ਨਵਾਂ ਬੇ-ਅਸੂਲਾ ਗੱਠਜੋੜ ਇਨ੍ਹਾਂ ਨੇ ਕਾਇਮ ਕੀਤਾ ਉਸ ਉੱਤੇ ਹਿੰਦੂ ਸਿੱਖ ਏਕਤਾ ਦੀ ਮੋਹਰ ਲਗਾ ਦਿੱਤੀ। ਸਿੱਖਾਂ ਨੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਭਾਰੀ ਕੁਰਬਾਨੀਆਂ ਕੀਤੀਆਂ ਸਨ। ਇਸ ਕਰਕੇ ਥੋੜ੍ਹੇ ਚਿਰ ਪਿੱਛੋਂ ਹੀ ਸਿੱਖ ਜਜ਼ਬਾਤ ਨੂੰ ਮੁੱਖ ਰੱਖਦਿਆਂ ਇਸ ਗੱਠਜੋੜ ਸਰਕਾਰ ਦੇ ਇੱਕ ਕੈਬੇਨਿਟ ਮੰਤਰੀ ਲਛਮਣ ਸਿੰਘ ਗਿੱਲ ਨੇ ਬਗਾਵਤ ਕਰ ਦਿੱਤੀ ਤੇ ਕਾਂਗਰਸ ਦੀ ਮਦਦ ਨਾਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਪੰਜਾਬੀ ਸੂਬੇ ਦੀ ਸਥਾਪਨਾ ਦਾ ਐਲਾਨ ਕਰਵਾ ਦਿੱਤਾ। ਪਰ ਇਹ ਉਹ ਪੰਜਾਬੀ ਸੂਬਾ ਨਹੀਂ ਸੀ ਜਿਸ ਦੀ ਕਲਪਨਾ ਸਿੱਖ ਸੰਗਤਾਂ ਨੇ ਕੀਤੀ ਸੀ। ਛੋਟੀ ਜਿਹੀ ਸੂਬੀ ਬਣ ਗਈ ਅਤੇ ਬਹੁਤ ਸਾਰੇ ਪੰਜਾਬੀ ਭਾਸ਼ੀ ਇਲਾਕੇ ਬਾਹਰ ਰਹਿ ਗਏ। ਪੰਜਾਬ ਤਿੰਨ ਥਾਈਂ ਵੰਡਿਆ ਗਿਆ - ਪੰਜਾਬ, ਹਰਿਆਣਾ ਅਤੇ ਹਿਮਾਚਲ। ਅਕਾਲੀ ਦਲ ਅਤੇ ਜਨਸੰਘ ਜੋ ਬਾਦ ਵਿੱਚ ਭਾਜਪਾ ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ, ਦੀ ਇਸ ਖੁਦਗਰਜ਼ੀ ਕਾਰਨ ਅੱਜ ਪੰਜਾਬ ਵਿਕਾਸ ਦਰ ਵਿੱਚ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਪਿੱਛੇ ਰਹਿ ਗਿਆ ਹੈ। ਅੱਜ ਪੰਜਾਬ ਦੇ ਸਿਰ 63000 ਕਰੋੜ ਦਾ ਕਰਜ਼ਾ ਹੈ। ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ। ਸਰਕਾਰੀ ਮੁਲਾਜ਼ਮਾਂ ਦੀ ਭਰਤੀ ਬੰਦ ਹੈ ਸਰਕਾਰੀ ਜ਼ਮੀਨਾਂ ਨੂੰ ਵੇਚ ਕੇ ਸਰਕਾਰ ਦਾ ਖਰਚਾ ਚਲਾਇਆ ਜਾ ਰਿਹਾ ਹੈ। ਭਿਆਨਕ ਆਰਥਿਕਤਾ ਕਾਰਨ ਜੁਰਮਾਂ ਦਾ ਗਰਾਫ਼ ਬੇਮਿਸਾਲ ਉਚਾਈਆਂ ਛੂਹ ਰਿਹਾ ਹੈ। ਭ੍ਰਸ਼ਟਾਚਾਰ ਦਾ ਬੋਲਬਾਲਾ ਹੈ। ਕਿਸਾਨ ਜੋ ਅਕਾਲੀ ਦਲ ਦੇ ਮੈਨੀਫੈਸਟੋ ਦਾ ਧੁਰਾ ਸੀ ਅੱਜ ਉਹ ਹੀ ਅਕਾਲੀ ਭਾਜਪਾ ਸਰਕਾਰ ਵਿਰੁੱਧ ਅੰਦੋਲਨ ਚਲਾ ਰਿਹਾ ਹੈ ਅਤੇ ਪੁਲਸ ਦੀਆਂ ਲਾਠੀਆਂ ਖਾ ਰਿਹਾ ਹੈ। ਬਿਜਲੀ ਕੱਟਾਂ ਕਾਰਨ ਪੰਜਾਬ ਦੀ ਇੰਡਸਟਰੀ ਤਬਾਹ ਹੋ ਗਈ ਹੈ। ਮਹਿੰਗਾਈ ਅਤੇ ਬਿਜਲੀ ਕੱਟਾਂ ਕਾਰਨ ਆਮ ਆਦਮੀ ਦਾ ਲੱਕ ਟੁੱਟ ਗਿਆ ਹੈ।

ਪਹਿਲੀ ਅਕਾਲੀ ਭਾਜਪਾ ਸਰਕਾਰ ਬਣਨ ਤੋਂ ਪਹਿਲਾਂ ਹੋਈਆਂ ਚੋਣਾਂ ਵਿੱਚ ਭਾਰਤੀ ਮਸੀਹੀ ਦਲ ਦੇ ਪ੍ਰਧਾਨ ਸ਼੍ਰੀ ਸੈਮੁਏਲ ਮੱਲ ਨੇ ਲਗਭਗ 40 ਈਸਾਈ ਉਮੀਦਵਾਰ ਮੈਦਾਨ ਵਿੱਚ ਉਤਾਰ ਕੇ ਗੁਰਦਾਸਪੁਰ, ਫ਼ਿਰੋਜ਼ਪੁਰ ਤੇ ਅੰਮ੍ਰਿਤਸਰ ਵਿੱਚ ਕਾਂਗਰਸੀ ਈਸਾਈ ਵੋਟਾਂ ਤੋੜ ਕੇ ਬਹੁਤ ਸਾਰੇ ਅਕਾਲੀ ਉਮੀਦਵਾਰਾਂ ਨੂੰ ਜਿਤਾ ਕੇ ਸਰਕਾਰ ਬਣਾਉਣ ਦੇ ਸਮੱਰਥ ਬਣਾਇਆ ਸੀ। ਬਹੁਤ ਸਾਰੇ ਈਸਾਈ ਅਕਾਲੀ ਮੋਰਚਿਆਂ ਸਮੇਂ ਜੇਲ ਜਾਂਦੇ ਰਹੇ। ਈਸਾਈਆਂ ਦੀਆਂ ਕੁਰਬਾਨੀਆਂ ਦਾ ਸਿਲਾ ਅਕਾਲੀ-ਜਨਸੰਘ ਸਰਕਾਰ ਨੇ ਪੰਜਾਬ ਵਿਧਾਨ ਪ੍ਰੀਸ਼ਦ ਦਾ ਕਤਲ ਕਰਕੇ ਦਿੱਤਾ ਜਿਸ ਦੇ ਖਾਤਮੇ ਨਾਲ ਸਿਆਸਤ ਦੇ ਖੇਤਰ ਵਿੱਚ ਈਸਾਈਆਂ ਦੀ ਸਿਆਸੀ, ਆਰਥਿਕ, ਸਮਾਜਿਕ, ਵਿਦਿਅਕ ਤੇ ਹੋਰ ਹਰ ਪ੍ਰਕਾਰ ਦੀ ਉੱਨਤੀ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਹੋ ਗਏ। ਜਿੰਨ੍ਹਾਂ ਈਸਾਈਆਂ ਨੇ ਆਪਣੀ ਕੌਮ ਦੇ ਭੱਵਿਖ ਦੀ ਕੁਰਬਾਨੀ ਦੇ ਕੇ ਅਕਾਲੀ ਦਲ ਬਾਦਲ ਦੀ ਸਿਆਸਤ ਨੂੰ ਜੀਵਨ ਦਾਨ ਦਿੱਤਾ ਅੱਜ ਉਨ੍ਹਾਂ ਈਸਾਈਆਂ ਨਾਲ ਏਕਤਾ ਕਿਉਂ ਨਹੀਂ? ਈਸਾਈਅਤ ਵਿਰੋਧੀ ਤੱਤ ਜਦ ਈਸਾਈ ਧਾਰਮਿਕ ਸਮਾਗਮਾਂ ਤੇ ਹਮਲੇ ਕਰਦੇ ਹਨ ਤਾਂ ਭਾਜਪਾ ਉਨ੍ਹਾਂ ਨੂੰ ਸ਼ੈਲਟਰ ਦਿੰਦੀ ਹੈ ਅਤੇ ਅਕਾਲੀ ਤਮਾਸ਼ਾ ਦੇਖਦੇ ਹਨ। ਅਸਲ ਵਿੱਚ ਨਾ ਤਾਂ ਅਕਾਲੀ ਦਲ ਬਾਦਲ ਹੀ ਸਿੱਖਾਂ ਦੀ ਇੱਕੋ ਇੱਕ ਪ੍ਰਤੀਨਿਧ ਜਮਾਤ ਹੈ ਅਤੇ ਨਾ ਹੀ ਭਾਜਪਾ ਹਿੰਦੂਆਂ ਦੀ ਪ੍ਰਤੀਨਿਧ ਹੈ। ਜੇਕਰ ਇਹ ਸਿੱਖਾਂ ਅਤੇ ਹਿੰਦੂਆਂ ਦੀਆਂ ਪ੍ਰਤੀਨਿੱਧ ਜਮਾਤਾਂ ਹਨ ਤਾਂ ਹਰ ਪੰਜ ਸਾਲ ਬਾਦ ਇੰਨ੍ਹਾਂ ਨੂੰ ਚੰਡੀਗੜ੍ਹ ਵਿੱਚੋਂ ਆਪਣਾ ਬੋਰੀ ਬਿਸਤਰਾ ਕਿਉਂ ਗੋਲ ਕਰਨਾ ਪੈਂਦਾ ਹੈ? ਜੇਕਰ ਭਾਜਪਾ ਹਿੰਦੂਆਂ ਦੀ ਪ੍ਰਤੀਨਿਧ ਹੁੰਦੀ ਤਾਂ ਅੱਜ ਸ਼੍ਰੀਮਤੀ ਸੋਨੀਆਂ ਗਾਂਧੀ ਕਾਂਗਰਸ ਦੀ ਪ੍ਰਧਾਨ ਨਾ ਹੁੰਦੀ। ਭਾਜਪਾ ਦੇ ਦਿੱਗਜਾਂ ਨੂੰ ਹਿੰਦੂ ਬਹੁਲਤਾ ਵਾਲੇ ਹਲਕਿਆਂ ਵਿਚੋਂ ਸੋਨੀਆਂ ਗਾਂਧੀ ਹੱਥੋਂ ਭਿਆਨਕ ਅਤੇ ਸ਼ਰਮਨਾਕ ਹਾਰ ਦਾ ਵਾਰ ਵਾਰ ਮੂੰਹ ਨਾ ਵੇਖਣਾ ਪੈਂਦਾ ਹੈ। ਹਾਲੇ ਪਿਛਲੀਆਂ ਹੀ ਲੋਕ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਵਿੱਚ 19 ਵਿਧਾਨ ਸਭਾ ਹਲਕਿਆਂ ਵਿੱਚੋਂ 17 ਵਿੱਚ ਹਾਰ ਗਈ ਤੇ ਅਕਾਲੀ ਦਲ ਨੂੰ ਸਿੱਖ ਬਹੁਲਤਾ ਵਾਲੇ 7 ਲੋਕ ਸਭਾ ਹਲਕਿਆਂ ਵਿੱਚੋਂ ਕਾਂਗਰਸ ਹੱਥੋਂ ਸ਼ਰਮਨਾਕ ਹਾਰ ਵੇਖਣੀ ਪਈ। ਇਹਨਾਂ ਚੋਣਾਂ ਵਿੱਚ ਹਿੰਦੂਆਂ ਅਤੇ ਸਿੱਖਾਂ ਨੇ ਕਾਂਗਰਸ ਨੂੰ ਕਿਉਂ ਜਿਤਾਇਆ?

ਸਿੱਖ ਅਤੇ ਹਿੰਦੂ ਕਦੇ ਵੀ ਇੱਕ ਦੂਜੇ ਦੇ ਦੁਸ਼ਮਣ ਨਹੀਂ ਰਹੇ। ਉਹ ਸਦੀਆਂ ਤੋਂ ਹਰ ਖੇਤਰ ਵਿੱਚ ਇੱਕ ਦੂਸਰੇ ਨਾਲ ਮਿਲ-ਜੁਲ ਕੇ ਚਲਦੇ ਆ ਰਹੇ ਹਨ। ਸ. ਬਾਦਲ ਹੁਣ ਬਹੁਤ ਬਜ਼ੁਰਗ ਹੋ ਗਏ ਹਨ। ਉਨ੍ਹਾਂ ਨੂੰ ਆਪਣੀ ਫਿਰਕੂ ਸੋਚ ਬਦਲਣੀ ਚਾਹੀਦੀ ਹੈ। ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਵੇਖਣਾ ਚਾਹੀਦਾ ਹੈ ਕਿ ਜੇਕਰ ਉਹ ਅੱਜ ਤਾਕਤ ਵਿੱਚ ਹਨ ਤਾਂ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਪੱਛੜੇ ਅਤੇ ਦਲਿਤ ਵਰਗਾਂ ਕਰਕੇ ਹਨ, ਇੱਕਲੇ ਹਿੰਦੂਆਂ ਸਿੱਖਾਂ ਕਰਕੇ ਨਹੀਂ।

# ਗੁਰੂ ਗੋਬਿੰਦ ਸਿੰਘ ਅਤੇ ਔਰੰਗਜ਼ੇਬ

ਡਾ. ਮਨਮੋਹਨ ਸਿੰਘ ਮੁਹਾਲੀ

ਸ਼ਿਵਾ ਜੀ ਮਹਾਰਾਜ ਦਾ ਮਿਰਜਾ ਰਾਜਾ ਜੈ ਸਿੰਘ ਦੇ ਨਾਮ ਲਿਖਿਆ ਹੋਇਆ ਮਹਾਨ ਇਤਿਹਾਸਿਕ ਪੱਤਰ ਬਹੁਤ ਪ੍ਰਸਿੱਧ ਹੋ ਚੁੱਕਾ ਹੈ। ਪਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਵੇਲੇ ਔਰੰਗਜ਼ੇਬ ਨੂੰ ਭੇਜੇ ਹੋਏ ਪੱਤਰ ਹੁਣ ਤੱਕ ਗੁਰਮੁੱਖੀ ਅੱਖਰਾਂ ਵਿੱਚ ਹੋਣ ਕਾਰਨ ਸੰਸਾਰ ਦੇ ਸਾਹਮਣੇ ਨਹੀਂ ਆ ਸਕੇ। ਇਹਨਾਂ ਪੱਤਰਾਂ ਦੇ ਰੋਸ਼ਨੀ ਵਿੱਚ ਆ ਜਾਣ 'ਤੇ ਇਤਿਹਾਸ ਦੀਆਂ ਕਈ ਗੁਥੰਲਾਂ ਨੂੰ ਸੁਲਝਾਉਣ ਦਾ ਮੌਕਾ ਪ੍ਰਾਪਤ ਹੋਵੇਗਾ ਅਤੇ ਉਸ ਸਮੇਂ ਦੀ ਸਥਿਤੀ ਸਪੱਸ਼ਟ ਹੋ ਸਕਦੀ ਹੈ।

ਫਾਰਸੀ ਭਾਸ਼ਾ ਵਿੱਚ ਲਿਖਿਆ ਹੋਇਆ ਸ਼ਿਵਾ ਜੀ ਦਾ ਪੱਤਰ ਸਾਲ 1922 ਦੇ ਅਗਸਤ ਮਹੀਨੇ ਵਿੱਚ ਕਾਂਸ਼ੀ ਨਗਰੀ ਪਰਚਾ-ਰਿਣੀ ਸਭਾ ਦੀ ਨਗਰੀ ਪਰਚਾ-ਰਿਣੀ ਰਸਾਲੇ ਵਿੱਚ ਬਾਬੂ ਜਗਨਨਾਥ ਦਾਸ ਰਤਨਾਕਰ ਵੱਲੋਂ ਛਪਿਆ ਸੀ। ਇਸ ਦੀ ਭੂਮਿਕਾ ਵਿੱਚ ਰਤਨਾਕਰ ਜੀ ਨੇ ਲਿਖਿਆ ਸੀ ਕਿ ਉਦੋਂ ਤੋਂ ਲੱਗਭੱਗ 30 ਸਾਲ ਪਹਿਲਾਂ ਉਹਨਾਂ ਨੇ ਪਟਨਾ ਗੁਰਦੁਆਰੇ ਦੇ ਮਹੰਤ ਬਾਬਾ ਸੁਮੇਰ ਸਿੰਘ ਦੇ ਕੋਲ ਦੋ ਪੱਤਰ ਵੇਖੇ ਸਨ। ਇਹਨਾਂ ਵਿੱਚ ਇੱਕ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਪੱਤਰ ਸੀ, ਜਿਹੜਾ ਉਹਨਾਂ ਵੱਲੋਂ ਦੱਖਣ ਪਰਸਾਰ ਤੋਂ ਪੂਰਬ ਔਰੰਗਜ਼ੇਬ ਨੂੰ ਲਿਖਿਆ ਸੀ ਅਤੇ ਦੂਜਾ ਮਿਰਜ਼ਾ ਰਾਜਾ ਜੈ ਸਿੰਘ ਦੇ ਨਾਮ ਲਿਖਿਆ ਹੋਇਆ, ਸ਼ਿਵਾ ਜੀ ਦਾ ਪੱਤਰ। ਸ੍ਰੀ ਜਗਨਨਾਥ ਦਾਸ ਰਤਨਾਕਰ ਨੇ ਇਹਨਾਂ ਪੱਤਰਾਂ ਦੀ ਕਾਪੀਆਂ ਉਹਨਾਂ ਤੋਂ ਪ੍ਰਾਪਤ ਕੀਤੀਆਂ।

ਗੁਰੂ ਗੋਬਿੰਦ ਸਿੰਘ ਦਾ ਔਰੰਗਜ਼ੇਬ ਦੇ ਨਾਮ ਲਿਖਿਆ ਹੋਇਆ ਉਹ ਪੱਤਰ ਨਹੀਂ ਸੀ ਜਿਹੜਾ ਇਤਿਹਾਸ ਵਿੱਚ ਜਫਰਨਾਮਾਂ ਦੇ ਨਾਂ ਪ੍ਰਸਿੱਧ ਹੈ। ਰਤਨਾਕਰ ਜੀ ਦਾ ਕਹਿਣਾ ਹੈ, ਕਿ ਜ਼ਫਰਨਾਮੇ ਵਿੱਚ ਅੱਠ-ਨੌ ਸੌ ਸ਼ੇਅਰ ਸਨ. ਜਦ ਕਿ ਬਾਬਾ ਸੁਮੇਰ ਸੰਘ ਤੋਂ ਪ੍ਰਾਪਤ ਗੁਰੂ ਜੀ ਦੇ ਇਸ ਪੱਤਰ ਵਿੱਚ ਇੱਕ ਸੌ ਤੋਂ ਵੱਧ ਸ਼ੇਅਰ ਨਹੀਂ ਸਨ। ਇਹ ਦੋਵੇਂ ਪੱਤਰ ਮੰਦਭਾਗੀ, ਰਤਨਾਕਰ ਜੀ ਕੋਲੋਂ ਗੁੰਮ ਹੋ ਗਏ। ਬਹੁਤ ਦੇਰ ਬਾਅਦ ਸ੍ਰੀ ਸ਼ਿਵਾ ਜੀ ਦਾ ਪੱਤਰ ਉਹਨਾਂ ਨੂੰ ਆਪ ਦੇ ਪੁਰਾਣੇ ਕਾਗਜ਼ਾਂ ਵਿੱਚੋਂ ਪ੍ਰਾਪਤ ਹੋਇਆ, ਜਿਹੜਾ ਉਹਨਾਂ ਨੇ ਨਾਗਰੀ ਪਰਚਾ-ਰਿਣੀ ਪਤ੍ਰਿਕਾ ਵਿੱਚ ਪ੍ਰਕਾਸ਼ਿਤ ਕਰਵਾਇਆ।

ਗੁਰੂ ਗੋਬਿੰਦ ਸਿੰਘ ਜੀ ਦਾ ਪੱਤਰ ਰਤਨਾਕਰ ਜੀ ਤੋਂ ਗੁੰਮ ਹੋ ਚੁੱਕਿਆ ਸੀ ਅਤੇ ਉਸ ਸਮੇਂ ਤੱਕ ਬਾਬਾ ਸੁਮੇਰ ਸਿੰਘ ਦੀ ਮੌਤ ਹੋ ਚੁੱਕੀ ਸੀ. ਇਸ ਲਈ ਉਸ ਨੂੰ ਮੁੜ ਤੋਂ ਪ੍ਰਾਪਤ ਕਰਨ ਦਾ ਰਸਤਾ ਬੰਦ ਹੋ ਚੁੱਕਆ ਸੀ। ਰਤਨਾਕਰ ਜੀ ਨੇ ਉਸ ਪੱਤਰ ਦੇ ਥੋੜ੍ਹੇ ਜਿਹੇ ਭਾਗ ਨੂੰ ਆਪਣੀ ਯਾਦ ਦੇ ਆਧਾਰ 'ਤੇ ਸਰਦਾਰ ਉਮਰਾਵ ਸਿੰਘ ਮਜੀਠਿਆ ਨੂੰ ਭੇਜੇ ਸਨ। ਸਰਦਾਰ ਜੀ ਵੱਲੋਂ ਉਹਨਾਂ ਨੂੰ ਲੜੀ ਅਨੁਸਾਰ ਕਰਕੇ ਉਸ ਦੀ ਇੱਕ ਕਾਪੀ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਨੂੰ 10 ਅਪ੍ਰੈਲ 1939 ਨੂੰ ਭੇਜੀ ਅਤੇ ਉਹਨਾਂ ਦੇ ਹੀ ਹੁਕਮਾਂ ਅਨੁਸਾਰ ਉਸ ਦੀ ਦੂਜੀ ਕਾਪੀ ਪੰਜਾਬੀ ਭਾਸ਼ਾ ਦੇ ਬਜ਼ੁਰਗ ਗਿਆਨੀ ਭਾਈ ਵੀਰ ਸਿੰਘ ਨੂੰ ਦਿੱਤੀ ਗਈ। ਭਾਈ ਵੀਰ ਸਿੰਘ ਨੇ ਉਹਨਾਂ ਭਾਗਾਂ ਨੂੰ ਆਪਣੇ "ਉੱਚ ਦਾ ਪੀਰ" ਨਾਂ ਜੇ ਲੇਖ ਦੇ ਤਹਿਤ 16 ਜੁਲਾਈ 1942 ਦੇ ਖ਼ਾਲਸਾ ਸਮਾਚਾਰ ਵਿੱਚ ਪ੍ਰਕਾਸ਼ਿਤ ਕਰਵਾ ਦਿੱਤਾ।

ਇਸ ਤਮਾਮ ਪੱਤਰ ਵਿੱਚ ਕਿੰਨੇ ਸ਼ੇਅਰ ਸਨ ਅਤੇ ਕਿਵੇਂ ਲੜੀ ਅਨੁਸਾਰ ਸਨ, ਇਸ ਦਾ ਅੱਜ ਤੱਕ ਪਤਾ ਨਹੀਂ ਲੱਗ ਸਕਿਆ। ਹੁਣ ਤੱਕ ਕੇਵਲ 24 ਸ਼ੇਅਰ ਹੀ ਪ੍ਰਾਪਤ ਹੋਏ ਹਨ। ਇਤਿਹਾਸਿਕ ਨਜ਼ਰੀਏ ਤੋਂ ਇਹ ਪੱਤਰ ਬਹੁਤ ਹੀ ਮਹੱਤਵਪੂਰਨ ਹੈ। ਗੁਰੂ ਗੋਬਿੰਦ ਸਿੰਘ ਦੇ ਵਿਚਾਰਾਂ ਤੋਂ ਜਾਣੂੰ ਹੋਣ ਲਈ ਅਤੇ ਉਸ ਵੇਲੇ ਦੀ ਸਥਿਤੀ ਦੀ ਪ੍ਰਮਾਣੂ ਸਮੇਤ ਖੋਜ ਕਰਨ ਦੇ ਲਈ ਸੰਸਾਰ ਦੇ ਇਤਿਹਾਸਿਕਾਰਾਂ ਨੂੰ ਇਸ ਪੱਤਰ ਦੀ ਯੋਜਨਾ ਅਨੁਸਾਰ ਖੋਜ ਕਰਨ ਵੱਲ ਆਪਣਾ ਧਿਆਨ ਦੇਣਾ ਚਾਹੀਦਾ ਹੈ।

ਇਸ ਪੱਤਰ ਦੇ ਜਿਹੜੇ 24 ਸ਼ੇਅਰ ਹੁਣ ਤੱਕ ਪ੍ਰਾਪਤ ਹੋਏ ਹਨ, ਉਹ ਥੋੜ੍ਹਾ ਜਿਹਾ ਉਸ ਦਾ ਮਹੱਤਵ ਪ੍ਰਗਟ ਕਰਨ ਵਿੱਚ ਸਮਰੱਥ ਹਨ ਜਿਵੇਂ ਕਿ-

1. ਤਲਵਾਰ ਅਤੇ ਕਟਾਰ ਦੇ ਸਵਾਮੀ ਨੂੰ ਯਾਦ ਕਰਕੇ ਤੀਰ ਕਮਾਨ ਅਤੇ ਢਾਲ ਦੇ ਕਰਤਾ ਦਾ ਨਾਮ ਲੈ ਕੇ ।

2. ਜਹਾਂ ਭੂਮੀ ਵਿੱਚ ਸ਼ਹੀਦੀ ਪ੍ਰਾਪਤ ਸੂਰਵੀਰਾਂ ਦੇ ਦੇਵਤਾ ਦਾ ਅੰਤ ਹਵਾ ਵਾਂਗ ਚੱਲਣ ਵਾਲੇ ਘੋੜਿਆਂ ਦੇ ਨਿਰਮਾਤਾ ਦਾ।

3. ਉਸ ਦਾ ਜਿਸ ਨੇ ਮੈਨੂੰ ਬਾਦਸ਼ਾਹੀ ਦਿੱਤੀ ਅਤੇ ਧਰਮ ਰੱਖਿਆ ਦਾ ਮਾਣ ਦਿੱਤਾ।

4. ਮੈਨੂੰ ਦਿੱਤਾ ਵਿਸ਼ਵਾਸਘਾਤ ਅਤੇ ਧੋਖੇ ਦਾ ਖਤਰ ਅਤੇ ਮੈਨੂੰ ਸੱਚ ਅਤੇ ਨਿਰਮਲ ਹਿਰਦੇ ਤੋਂ ਭਰਪੂਰ ਯਤਨ।

5. ਔਰੰਗਜ਼ੇਬ ਨਾਮ ਤੈਨੂੰ ਸ਼ੋਭਾ ਨਹੀਂ ਦਿੰਦਾ। ਰਾਜ ਗੱਦੀ ਉੱਤੇ ਬੈਠਣ ਵਾਲੇ ਵੱਲੋਂ ਵਿਸ਼ਵਾਸਘਾਤ ਅਤੇ ਧੋਖਾ ਚੰਗਾ ਨਹੀਂ ਲੱਗਦਾ।

6. ਤੇਰੀ ਮਾਲਾ, ਮਣਕੇ ਅਤੇ ਧਾਗੇ ਤੋਂ ਛੁੱਟ ਕੁਝ ਵੀ ਨਹੀਂ ਕਿਉਂਕਿ ਜੋ ਤੂੰ ਅਜ਼ਾਦ ਪੰਛੀਆਂ ਨੂੰ ਫਸਾਉਣ ਲਈ ਉਨ੍ਹਾਂ ਮਣਕਿਆਂ ਨੂੰ ਦਾਣੇ ਬਣਾਉਂਦਾ ਹੈ ਅਤੇ ਧਾਗੇ ਨੂੰ ਜਾਲ।

7. ਆਪਣੇ ਪਿਤਾ ਦੀ ਮਿੱਟੀ ਭੈੜੇ ਕੰਮ ਕਰਕੇ ਆਪਣੇ ਭਰਾ ਦੇ ਲਹੂ ਨਾਲ ਗੁੰਨੀ ਹੈ।

8 ਉਸ ਦੇ ਨਾਲ ਆਪਣੇ ਨਾਸ਼ਵਾਨ ਸਮਰਾਟ ਦੇ ਲਈ ਕੱਚੇ ਭਵਨ ਦੀ ਨੀਂਹ ਰੱਖੀ ਹੈ।

9 ਹੁਣ ਮੈਂ ਪ੍ਰਮਾਤਮਾ ਦੀ ਕਿਰਪਾ ਨਾਲ ਲੋਹੇ ਦੇ ਪਾਣੀ ਯਾਨੀ ਤਲਵਾਰ ਦੀ ਧਾਰ ਵਾਂਗ ਵਰਖਾ ਕਰਾਂਗਾ।

10. ਜੋ ਇਸ ਪਵਿੱਤਰ ਭੂਮੀ ਉੱਤੇ ਉਸ ਭੈੜੇ ਸਾਮਰਾਜ ਦਾ ਨਿਸ਼ਾਨ ਵੀ ਬਾਕੀ ਨਾ ਰਹੇ।

11. ਦੱਖਣ ਦੇ ਪਹਾੜ ਯਾਨੀ ਮਹਾਰਾਸ਼ਟਰ ਤੋਂ ਤੂੰ ਪਿਆਸਾ ਅਤੇ ਅਸਫਲ ਹੋ ਕੇ ਪਰਤਿਆ ਹੈ। ਮੈਵਾੜ ਤੋਂ ਵੀ ਕੌੜਾ-ਘੁੱਟ ਪੀਣ ਤੋਂ ਬਾਅਦ ਆਇਆ ਹੈ।

12. ਹੁਣੇ ਜਦੋਂ ਤੇਰੀ ਨਿਗਾਂਹ ਇਸ ਵੱਲ ਦੌੜੀ ਹੈ ਤਾਂ ਹੁਣ ਤੇਰੀ ਬੇਚੈਨੀ ਅਤੇ ਪਿਆਸ ਦਾ ਅੰਤ ਹੋਵੇਗਾ।

13. ਮੈਂ ਹੁਣ ਇਸ ਪ੍ਰਕਾਰ ਤੇਰੇ ਪੈਰਾਂ ਦੇ ਹੇਠਾਂ ਅੱਗ ਰੱਖਾਂਗਾ, ਕਿ ਤੈਨੂੰ ਪੰਜਾਬ ਵਿੱਚ ਇੱਕ-ਇੱਕ ਬੂੰਦ ਪਾਣੀ ਲਈ ਵੀ ਤੜਫਣਾ ਪੈ ਜਾਵੇ।

14. ਕੀ ਹੋਇਆ ਜੇ ਕਰ ਗਿੱਦੜ ਨੇ ਵਿਸ਼ਵਾਸਘਾਤ ਕਰਕੇ ਸ਼ੇਰ ਦੇ ਬੱਚੇ ਨੂੰ ਮਾਰ ਦਿੱਤਾ।

15. ਜਦ ਕਿ ਖੂੰਖਾਰ ਸ਼ੇਰ ਹੁਣ ਤੱਕ ਜਿੰਦਾ ਹੈ ਅਤੇ ਉਹ ਤੈਥੋਂ ਬਦਲਾ ਲਵੇਗਾ ।

16. ਮੈਂ ਹੁਣ ਤੇਰੀ ਖ਼ੁਦਾ ਦੇ ਨਾਮ ਉੱਤੇ ਖਾਧੀ ਹੋਈ ਕਸਮ 'ਤੇ ਕੋਈ ਵਿਸ਼ਵਾਸ ਨਹੀਂ ਕਰੂੰਗਾ ਕਿਉਂ ਜੋ ਮੈਂ ਤੇਰੇ ਖੁਦਾ ਦੇ ਨਾਮ ਉੱਤੇ ਕੀਤੇ ਕੰਮਾਂ ਨੂੰ ਵੇਖ ਚੁੱਕਿਆਂ ਹਾਂ।

17. ਤੇਰੀ ਕਸਮ ਉੱਤੇ ਮੈਨੂੰ ਵਿਸ਼ਵਾਸ ਨਹੀਂ ਰਿਹਾ ਅਤੇ ਹੁਣ ਤਨਖ਼ਾਹ ਫੜ੍ਹਨ ਤੋਂ ਛੁੱਟ ਮੇਰੇ ਸਾਹਮਣੇ ਕੋਈ ਦੂਜਾ ਤਰੀਕਾ ਨਹੀਂ ਹੈ।

18. ਜੇ ਕਰ ਤੂੰ ਸਿਆਣਾ ਬਾਘ ( ਚੀਤਾ) ਹੈ ਤਾਂ ਮੈਂ ਵੀ ਇੱਕ ਸ਼ੇਰ ਨੂੰ ਪਿੰਜਰੇ ਤੋਂ ਤੇਰਾ ਸਾਹਮਣਾ ਕਰਨ ਲਈ ਛੱਡੂੰਗਾ।

19 ਜੇ ਕਰ ਮੇਰੇ ਨਾਲ ਗੱਲਬਾਤ ਹੋਈ ਤਾਂ ਮੈਂ ਤੈਨੂੰ ਚੰਗੇ ਰਸਤੇ ਪਵਾਂਗਾਂ।

20 ਜੰਗ ਭੂਮੀ ਵਿੱਚ ਦੋਵੇਂ ਸੈਨਾਵਾਂ ਆਹਮਣੇ-ਸਾਹਮਣੇ ਹੋ ਜਾਣ ਅਤੇ ਛੇਤੀ ਤੋਂ ਛੇਤੀ ਆਪਸ ਵਿੱਚ ਜਾਣੂੰ ਹੋ ਜਾਣ।

21. ਦੋਵਾਂ ਦੇ ਵਿੱਚ ਸੱਤ ਸਾਢੇ ਸੱਤ ਮੀਲ ਦਾ ਅੰਤਰ ਹੋਵੇ।

22. ਉਸ ਤੋਂ ਬਾਅਦ ਉਸ ਜੰਗ ਭੂਮੀ ਵਿੱਚ ਮੈਂ ਇਕੱਲਾ ਆਊਂਗਾ ਅਤੇ ਤੂੰ ਘੋੜਿਆਂ ਵਾਲਿਆਂ ਦੇ ਨਾਲ।

23. ਤੁਸੀਂ ਪਿਆਰ ਅਤੇ ਸੁੱਖ ਦੇ ਫ਼ਲ ਖਾਂਧੇ ਹਨ ਅਤੇ ਕਦੇ ਸੂਰਵੀਰਾਂ ਨਾਲ ਟਾਕਰਾ ਨਹੀਂ ਕੀਤਾ ਹੈ।

24. ਤੁਸੀਂ ਆਪਣੇ ਆਪ ਤਲਵਾਰ ਅਤੇ ਕਟਾਰ ਲੈ ਕੇ ਜੰਗ ਭੂਮੀ ਵਿੱਚ ਆਉ, ਪ੍ਰਮਾਤਮਾ ਦੀ ਸ੍ਰਿਸ਼ਟੀ ਦੀ ਖ਼ਾਤਮਾ ਨਾ ਕਰੋ।

ਇਹਨਾਂ 24 ਸ਼ੇਅਰਾਂ ਤੋਂ ਹੀ ਸਾਰੇ ਪੱਤਰ ਦੀ ਭਾਵਨਾ ਦਾ ਗਿਆਨ ਹੋ ਜਾਂਦਾ ਹੈ। ਰਤਨਾਕਰ ਜੀ ਦੇ ਅਨੁਸਾਰ ਇਸ ਪੱਤਰ ਵਿੱਚ 100 ਤੋਂ ਜ਼ਿਆਦਾ ਸ਼ੇਅਰ ਸਨ। ਇਸ ਪ੍ਰਕਾਰ ਉਸ ਦਾ ਤਿੰਨ ਚੌਥਾਈ ਭਾਗ ਹੁਣ ਵੀ ਹਨੇਰੇ ਵਿੱਚ ਹੈ, ਜਿਸ ਦੀ ਖੋਜ ਕਰਨਾ ਜ਼ਰੂਰੀ ਹੈ। ਇਹ ਪੱਤਰ ਕਦੋਂ ਲਿਖਿਆ ਗਿਆ, ਇਹ ਇਤਿਹਾਸ ਪ੍ਰਸਿੱਧ ਜ਼ਫਰਨਾਮੇ ਤੋਂ ਪਹਿਲੇ ਦਾ ਹੈ ਜਾਂ ਬਾਅਦ ਦਾ ਇਸ ਦਾ ਫੈਸਲਾ ਕਰਨਾ ਅਜੇ ਮੁਸ਼ਕਲ ਹੈ, ਪਰੰਤੂ ਇਤਨਾਂ ਨਿਸ਼ਚਿਤ ਹੈ ਕਿ ਉਸ ਵੇਲੇ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਪੁੱਤਰਾਂ ਦਾ ਬਲਿਦਾਨ ਹੋ ਚੁੱਕਿਆ ਸੀ।

ਚਮਕੌਰ ਸਾਹਿਬ ਦੀ ਜੰਗ ( 23 ਦਸੰਬਰ 1904 ) ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜਦੋਂ ਬਠਿੰਡਾ ਵੱਲ ਜਾ ਰਹੇ ਸਨ ਉਦੋਂ ਦੀਨੇ ਨਾਮ ਦੀ ਥਾਂ ਉੱਤੇ ਉਹਨਾਂ ਨੂੰ ਔਰੰਗਜੇਬ ਦਾ ਇੱਕ ਪੱਤਰ ਪ੍ਰਾਪਤ ਹੋਇਆ ਸੀ, ਜਿਸ ਵਿੱਚ ਉਹਨਾਂ ਨੂੰ ਮੁਲਾਕਾਤ ਲਈ ਦੱਖਣ ਵਿੱਚ ਸੱਦਿਆ ਸੀ। ਉਸ ਪੱਤਰ ਵਿੱਚ ਖ਼ੁਦਾ ਅਤੇ ਕੁਰਾਨ ਦੀ ਕਸਮ ਨਾਲ ਇਸ ਗੱਲ ਦਾ ਵਿਸ਼ਵਾਸ ਦਿੱਤਾ ਗਿਆ ਸੀ ਕਿ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਧੋਖਾ ਨਹੀਂ ਦਿੱਤਾ ਜਾਵੇਗਾ, ਨਾਲ ਹੀ ਧਮਕੀਆਂ ਭਰੇ ਕੁੱਛ-ਕੁੱਛ ਬੋਲ ਵੀ ਉਸ ਪੱਤਰ ਵਿੱਚ ਸਨ।

ਗੁਰੂ ਗੋਬਿੰਦ ਸਿੰਘ ਨੇ ਸ਼ਾਹੀ ਪੈਗ਼ਾਮ ਵਾਲਿਆਂ ਨੂੰ ਇਹ ਪੱਤਰ ਦਿੱਤਾ। ਅਸੀਂ ਇਸ ਪੱਤਰ ਦਾ ਜਵਾਬ ਵਿਸਥਾਰ ਨਾਲ ਭੇਜਾਂਗੇ, ਹਾਂ ਜੇਕਰ ਫੇਰ ਵੀ ਬਾਦਸ਼ਾਹ ਦਾ ਕੋਈ ਪੱਤਰ ਪਾ੍ਰਪਤ ਹੋਵੇਗਾ ਤਾਂ ਅਸੀਂ ਜ਼ਰੂਰ ਹੀ ਉਸ ਨਾਲ ਮੁਲਾਕਾਤ ਕਰਾਂਗੇ। ਔਰੰਗਜ਼ੇਬ ਦਾ ਪੱਤਰ ਦੇ ਉੱਤਰ ਵਿੱਚ ਲਿਖੇ ਹੋਏ ਫਾਰਸੀ ਭਾਸ਼ਾ ਦਾ ਜ਼ਫਰਨਾਮੇ ਦੇ ਪੱਤਰ ਵਿੱਚ ਕੁੱਝ ਇਤਿਹਾਸਕਾਰਾਂ ਦੇ ਅਨੁਸਾਰ ਇੱਕ ਹਜ਼ਾਰ ਚਾਰ ਸੌ ਸ਼ੇਅਰ ਸਨ ਅਤੇ ਜਿਸ ਪੱਤਰ ਦੇ ਉੱਤੇ ਜ਼ਿਕਰ ਕੀਤਾ ਗਿਆ ਹੈ। ਉਸ ਵਿੱਚ ਕੇਵਲ 100 ਦੇ ਲੱਗਭੱਗ ਹੀ ਸ਼ੇਅਰ ਸਨ। ਇਸ ਨਾਲ ਪਤਾ ਲੱਗਦਾ ਹੈ ਕਿ ਉਹ ਪੱਤਰ ਉਹਨਾਂ ਨੇ ਜ਼ਫਰਨਾਮੇ ਵਾਲੇ ਵੱਡੇ ਪੱਤਰ ਦੂ ਭੂਮਿਕਾ ਦੇ ਰੂਪ ਵਿੱਚ ਉਸ ਤੋਂ ਪਹਿਲਾਂ ਹੀ ਲਿਖਿਆ ਹੋਵੇਗਾ। ਇਸ ਪੱਕਰ ਤੋਂ ਉਸ ਵੇਲੇ ਦੀ ਸਥਿਤੀ ਦਾ ਬਹੁਤ ਸਾਫ਼ ਵਿਵਰਣ ਪ੍ਰਾਪਤ ਹੋ ਜਾਂਦਾ ਹੈ। ਇਹ ਪੱਤਰ ਇਤਿਹਾਸਕਾਰਾਂ ਲਈ ਬਹੁਤ ਮਹੱਤਵਪੂਰਨ ਹੈ।